OFFICE OF THE
BRITISH COLUMBIA CONTAINER
TRUCKING COMMISSIONER

14 ਫਰਵਰੀ, 2019

**ਸੀ ਟੀ ਐੱਸ ਲਸੰਸ ਟੈਗ ਮੈਨੇਜਮੈਂਟ ਪਾਲਸੀ – ਆਈ/ਓ ਲਿਸਟ**

ਇਸ ਵੇਲੇ ਲਸੰਸਸ਼ੁਦਾ ਕੰਪਨੀਆਂ ਵਿਚ 46 ਆਈ/ਓ ਟਰੱਕ ਟੈਗਜ਼ ਖਾਲੀ ਪਏ ਹਨ ਜਿਹੜੇ ਆਈ/ਓ ਲਿਸਟ ਉਪਰਲੇ ਆਈ/ਓਜ਼ ਨਾਲ ਭਰੇ ਨਹੀਂ ਜਾ ਸਕਦੇ।

ਟੈਗ ਮੈਨੇਜਮੈਂਟ ਪਾਲਸੀ ਦਾ ਮਕਸਦ ਉਨ੍ਹਾਂ ਲਸੰਸਧਾਰੀਆਂ ਤੋਂ ਆਈ/ਓ ਮੂਵ ਕਰਨ ਵਿਚ ਮਦਦ ਕਰਨਾ ਸੀ ਜਿਹੜੇ ਕੰਮ ਦੀ ਇਕਸਾਰ ਮਾਤਰਾ ਨਹੀਂ ਦੇ ਰਹੇ ਸੀ ਅਤੇ/ਜਾਂ ਉਨ੍ਹਾਂ ਲਸੰਸ ਧਾਰੀਆਂ ਨੂੰ ਮਿੱਥੇ ਰੇਟ ਨਹੀਂ ਦੇ ਰਹੇ ਸਨ ਜਿਹੜੇ ਤਨਖਾਹ ਦੇ ਮਿੱਥੇ ਰੇਟਾਂ ਉੱਪਰ ਕੰਮ ਦੀ ਇਕਸਾਰ ਮਾਤਰਾ ਪ੍ਰਦਾਨ ਕਰਦੇ ਹਨ।

ਆਫਿਸ ਔਫ ਦਿ ਬੀ ਸੀ ਕਨਟੇਨਰ ਟਰੱਕਿੰਗ ਕਮਿਸ਼ਨਰ ("ਓ ਬੀ ਸੀ ਸੀ ਟੀ ਸੀ") ਨੇ ਖਾਲੀ ਆਈ/ਓ ਟੈਗਜ਼ ਵਾਲੀਆਂ ਕੰਪਨੀਆਂ ਦੀ ਲਿਸਟ ਛਾਪੀ ਹੈ ਅਤੇ ਆਈ/ਓਜ਼ ਨੂੰ ਖਾਲੀ ਟੈਗਾਂ ਅਤੇ ਉਨ੍ਹਾਂ ਨੂੰ ਰੱਖਣ ਵਾਲੀਆਂ ਕੰਪਨੀਆਂ ਬਾਰੇ ਦੱਸਿਆ ਹੈ। ਅੱਜ ਦੀ ਤਾਰੀਕ ਤੱਕ, ਜਿਸ ਵੀ ਆਈ/ਓ ਨੂੰ ਖਾਲੀ ਥਾਂਵਾਂ ਬਾਰੇ ਦੱਸਿਆ ਗਿਆ ਹੈ, ਉਸ ਨੇ ਖਾਲੀ ਟੈਗਾਂ ਨੂੰ ਭਰਨ ਦੇ ਮੌਕੇ ਤੋਂ ਨਾਂਹ ਕਰ ਦਿੱਤੀ ਹੈ। ਇਸ ਤਰ੍ਹਾਂ, ਇਸ ਵੇਲੇ ਕਮਿਸ਼ਨਰ ਦੀ ਆਈ/ਓ ਲਿਸਟ ਦੇ ਯੋਗ ਹਿੱਸੇ ਉੱਪਰ ਕੋਈ ਵੀ ਉਪਲਬਧ ਆਈ/ਓਜ਼ ਨਹੀਂ ਹਨ।

ਇਹ ਮਹੱਤਵਪੂਰਨ ਹੈ ਕਿ ਲਸੰਸਸ਼ੁਦਾ ਕੰਪਨੀਆਂ ਆਪਣੇ ਫਲੀਟਸ ਦਾ ਵੱਧ ਤੋਂ ਵੱਧ ਕਾਰਗਰ ਤਰੀਕੇ ਨਾਲ ਪ੍ਰਬੰਧ ਚਲਾਉਣ; ਫਿਰ ਵੀ, ਇਹ ਵੀ ਜ਼ਰੂਰੀ ਹੈ ਕਿ ਲਸੰਸਸ਼ੁਦਾ ਕੰਪਨੀਆਂ ਕੋਲ ਆਪਣੇ ਗਾਹਕਾਂ ਨੂੰ ਸਰਵਿਸ ਦੇਣ ਦੀ ਸਮਰੱਥਾ ਹੋਵੇ। ਜਦੋਂ ਆਈ/ਓ ਲਿਸਟ ਉੱਪਰ ਕੋਈ ਵੀ ਯੋਗ ਆਈ/ਓਜ਼ ਨਹੀਂ ਹੁੰਦੇ ਤਾਂ ਉਪਲਬਧ ਆਈ/ਓਜ਼ ਦੀ ਗਿਣਤੀ ਵਧਾਉਣਾ ਕਮਿਸ਼ਨਰ ਦੀ ਜ਼ਿੰਮੇਵਾਰੀ ਹੈ।

ਇਹ ਬੁਲੇਟਿਨ ਹਿੱਤ ਰੱਖਣ ਵਾਲੀਆ ਸਾਰੀਆਂ ਧਿਰਾਂ ਨੂੰ ਸੂਚਨਾ ਦਿੰਦਾ ਹੈ ਕਿ ਜੇ ਖਾਲੀ ਟੈਗ ਭਰੇ ਨਹੀਂ ਜਾ ਸਕਦੇ ਤਾਂ ਕਮਿਸ਼ਨਰ ਆਈ/ਓ ਲਿਸਟ ਉੱਪਰ ਨਵੇਂ ਯੋਗ ਆਈ/ਓਜ਼ ਪਾਵੇਗਾ।

ਸੱਚੇ ਦਿਲੋਂ,

**ਆਫਿਸ ਔਫ ਦਿ ਬੀ ਸੀ ਕਨਟੇਨਰ ਟਰੱਕਿੰਗ ਕਮਿਸ਼ਨਰ**

ਮਾਈਕਲ ਕਰੌਫਰਡ
ਕਮਿਸ਼ਨਰ